# ਪੰਜਾਬੀ ਕਿੱਸਾ ਕਾਵਿ ਧਾਰਾ

ਕਿੱਸਾ ਕਾਵਿ ਮੱਧਕਾਲੀ ਸਾਹਿਤ ਦੀ ਪ੍ਰਮੁੱਖ ਕਾਵਿ ਧਾਰਾ ਹੈ। ਕਿੱਸਾ ਵਾਰ ਵਾਂਗ ਪੰਜਾਬੀ ਦਾ ਮੌਲਿਕ ਕਾਵਿ ਰੂਪ ਨਹੀਂ ਬਲਕਿ ਇਹ ਮੁਸਲਮਾਨ ਸਭਿਆਚਾਰ ਦੇ ਨਾਲ ਹੀ ਪੰਜਾਬ ਵਿੱਚ ਆਇਆ। ਕਿੱਸਾ ਸ਼ਬਦ ਅਰਬੀ ਭਾਸ਼ਾ ਦਾ ਸ਼ਬਦ ਹੈ। ਜਿਸ ਦਾ ਅਰਥ ਹੈ-ਕਥਾ ਜਾਂ ਕਹਾਣੀ। ਅਰਬੀ ਭਾਸ਼ਾ ਵਿੱਚ ਗੱਦ (ਵਾਰਤਕ) ਵਿੱਚ ਲਿਖੀਆਂ ਕਹਾਣੀਆਂ ਲਈ ਇਸ ਸ਼ਬਦ ਦੀ ਵਰਤੋਂ ਹੁੰਦੀ ਸੀ। ਪਰ ਪੰਜਾਬੀ ਵਿੱਚ ਕਿੱਸੇ ਕਵਿਤਾ ਵਿੱਚ ਲਿਖੇ ਗਏ ਹਨ ਤੇ ਫ਼ਾਰਸੀ ਦੇ ਮਸਨਵੀ ਕਾਵਿ ਰੂਪ ਤੋਂ ਪ੍ਰਭਾਵਿਤ ਹੈ।

ਪੰਜਾਬੀ ਵਿੱਚ ਕਿੱਸਾ ਉਸ ਛੰਦਬੱਧ ਲੰਮੀ ਰਚਨਾਂ ਨੂੰ ਕਿਹਾ ਜਾਂਦਾ ਹੈ, ਜਿਸ ਵਿੱਚ ਪ੍ਰੇਮ,ਰੋਮਾਸ, ਬੀਰਤਾ, ਭਗਤੀ ਸਮਾਜ ਸੁਧਾਰ ਆਦਿ ਵਿਸ਼ੇ ਛੋਹੇ ਜਾਣ। ਪਰ ਇਹ ਪ੍ਰੇਮ ਨਾਲ ਸਬੰਧਿਤ ਬਿਰਤਾਂਤਿਕ ਰਚਨਾ ਲਈ ਰੂੜ ਹੋ ਚੁੱਕਿਆ ਹੈ। ਰੋਮਾਂਸ ਨੂੰ ਕਿੱਸਾ ਕਾਵਿ ਵਿੱਚ ਸਭ ਤੋਂ ਵੱਧ ਸਥਾਨ ਮਿਲਿਆ ਹੈ।

ਪੰਜਾਬੀ ਵਿੱਚ ਕਿੱਸਾ ਇੱਕ ਕਾਵਿ ਧਾਰਾ ਵਜੋਂ ਸਥਾਪਿਤ ਰਿਹਾ ਹੈ। ਇਸ ਕਾਵਿਧਾਰਾ ਦੇ ਮੁੱਢ ਬਾਰੇ ਵਿਦਵਾਨਾਂ ਵਿੱਚ ਮਤਭੇਦ ਹੈ। ਮਿਸਾਲ ਵਜੋਂ ਦਮੋਦਰ ਨੂੰ ਪੰਜਾਬੀ ਦਾ ਪਹਿਲਾ ਕਿੱਸਾਕਾਰ ਮੰਨਿਆ ਜਾਂਦਾ ਹੈ। ਪਰ ਉਸ ਨੇ ਇੱਕ ਦਮ ਹੀ ਕਿੱਸਾਕਾਰੀ ਸ਼ੁਰੂ ਨਹੀਂ ਕਰ ਦਿੱਤੀ। ਕੋਈ ਵੀ ਸਾਹਿਤ ਰੂਪ ਪਹਿਲਾਂ ਲੋਕ ਮਨ ਵਿੱਚ ਜਨਮ ਲੈਂਦਾ ਹੈ ਅਤੇ ਲੋਕ ਸਾਹਿਤ ਦਾ ਹਿੱਸਾ ਬਣ ਕੇ ਲੋਕ ਪ੍ਰਵਾਨਗੀ ਪ੍ਰਾਪਤ ਕਰਦਾ ਹੈ। ਪੰਜਾਬੀ ਵਿੱਚ ਵੀ ਦਮੋਦਰ ਤੋਂ ਪਹਿਲਾਂ ਸ਼ਾਹ ਹੁਸੈਨ ਅਤੇ ਭਾਈ ਗੁਰਦਾਸ ਨੇ ਹੀਰ ਅਤੇ ਰਾਂਝੇ ਦੀ ਪ੍ਰੇਮ ਕਹਾਣੀ ਵੱਲ ਸੰਕੇਤ ਕੀਤੇ ਹਨ। ਡਾ ਮੋਹਨ ਸਿੰਘ ਦੀਵਾਨਾ ਨੇ ਆਪਣੀ ਖੋਜ ਰਾਹੀਂ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਪੰਜਾਬੀ ਦਾ ਪਹਿਲਾ ਕਿੱਸਾ ਪੁਸ਼ਯ ਦੁਆਰਾ ਲਿਖਿਆ ਸੱਸੀ ਪੁੰਨੂੰ ਦਾ ਬਾਹਰਵੀਂ ਸਦੀ ਹੈ। ਪਰ ਇਸ ਦਾ ਪਾਠ ਉਪਲਬਧ ਨਹੀਂ ਹੈ ਤਾਂ ਤਦ ਤੱਕ ਅਸੀਂ ਦਮੋਦਰ ਨੂੰ ਪੰਜਾਬੀ ਦਾ ਪਹਿਲਾ ਕਿੱਸਾਕਾਰ ਮੰਨਣ ਲਈ ਮਜਬੂਰ ਹਾਂ। ਪਰ ਉਸ ਦੀ ਸ਼ੈਲੀ ਅਤੇ ਕਿੱਸੇ ਦੀ ਪਕਿਆਈ ਤੋਂ ਅਸੀਂ ਅੰਦਾਜਾ ਲਗਾ ਸਕਦੇ ਹਾਂ ਕਿ ਪੂਰਵ ਮੱਧਕਾਲੀ ਯੁੱਗ ਵਿੱਚ ਕਿੱਸਾ ਕਾਵਿ ਨੇ ਨਿਸ਼ਚਿਤ ਰੂਪ ਧਾਰਨ ਕਰ ਲਿਆ ਸੀ।

## ਨਾਨਕ ਕਾਲ( 1500-1700 ਈ.)

1) ਦਮੋਦਰ - ਦਮੋਦਰ ਪੰਜਾਬੀ ਕਿੱਸਾ ਕਾਵਿ ਦਾ ਪਹਿਲਾ ਕਿੱਸਾਕਾਰ ਹੈ ਉਸ ਨੇ ਹੀਰ ਦਾ ਕਿੱਸਾ ਪਹਿਲੀ ਵਾਰ ਪੰਜਾਬੀ ਵਿੱਚ ਲਿਖਿਆ ।ਉਸ ਦਾ ਲਿਖਤ ਰੂਪ ਵਿੱਚ ਪ੍ਰਾਪਤ ਹੋਣ ਵਾਲਾ ਪਹਿਲਾ ਕਿੱਸਾ ਹੈ। ਉਸ ਨੇ ਦਵੱਯੀਆ ਛੰਦ ਦੀ ਵਰਤੋਂ ਕੀਤੀ ਹੈ। ਉਸ ਨੇ ਆਪਣੇ ਕਿੱਸੇ ਵਿੱਚ ਹੀਰ ਰਾਂਝਾ ਦੀ ਕਹਾਣੀ ਪੇਸ਼ ਕਰਨ ਦੇ ਨਾਲ ਨਾਲ ਪੰਜਾਬੀ ਸਭਿਆਚਾਰ ਦੀ ਬੜੀ ਸੁੰਦਰ ਤਸਵੀਰ ਪੇਸ਼ ਕੀਤੀ ਹੈ।

ਬਾਰਾਂ ਵਰ੍ਹਿਆ ਦੀ ਛੋਹਰ ਹੋਈ ਤਾਂ ਰਾਝੇ ਅੱਖੀਆਂ ਲਾਈਆਂ।

ਉਸ ਦੀ ਭਾਸ਼ਾ ਸਰਲ ਹੈ ਤੇ ਉਸ ਨੇ ਝਾਂਗੀ ਉਪਭਾਸ਼ਾ ਵਰਤੀ ਹੈ। ਦਮੋਦਰ ਦੀ ਹੀਰ ਪੰਜਾਬੀ ਸਾਹਿਤ ਵਿੱਚ ਵਿਸ਼ੇਸ਼ ਸਥਾਨ ਰੱਖਦੀ ਹੈ।

2) ਪੀਲੂ- ਪੀਲੂ ਅਤੇ ਉਸ ਦਾ ਕਿੱਸਾ ਮਿਰਜ਼ਾ ਸਾਹਿਬਾਂ ਗੁਰੂ ਨਾਨਕ ਕਾਲ ਦੀ ਇੱਕ ਮਹੱਤਵਪੂਰਨ ਘਟਨਾ ਹੈ। ਪੀਲੂ ਇਸ ਕਾਲ ਦਾ ਮਹੱਤਵਪੂਰਨ ਕਿੱਸਾਕਾਰ ਹੈ। ਉਸ ਦੀ ਕਿੱਸਾ ਦਮੋਦਰ ਤੋਂ ਬਿਲਕੁਲ ਨਵੇਕਲੀ ਕਿਸਮ ਦਾ ਹੈ , ਉਸ ਦੇ ਕਿੱਸੇ ਦਾ ਨਾਇਕ ਰਾਝੇ ਵਾਂਗ ਬੇਵੱਸ ਨਹੀਂ ਉਹ ਸਵੈ-ਅਭਿਮਾਨੀ ਹੈ ਕਿਉਂਕਿ ਉਹ ਬਹਾਦਰ ਹੈ। ਇਹ ਨਾਇਕ ਪੰਜਾਬੀ ਮਾਨਸਿਕਤਾ ਦੇ ਬੜਾ ਅਨਕੂਲ ਸੀ। ਇਸ ਕਰਕੇ ਇਹ ਕਿੱਸਾ ਲਿਖਣ ਕਾਰਨ ਪੀਲੂ ਨੂੰ ਬੜਾ ਸਤਿਕਾਰ ਮਿਲਿਆ।

ਪੀਲੂ ਨੇ ਇਹ ਕਿੱਸਾ ਸੱਦ ਕਾਵਿ ਰੂਪ ਵਿੱਚ ਲਿਖਿਆ । ਸੱਦ ਕਾਵਿ ਰੂਪ ਲਿਖਿਆ ਪੰਜਾਬੀ ਦਾ ਪਹਿਲਾ ਤੇ ਆਖਰੀ ਕਿੱਸਾ ਹੈ। ਨਮੂਨਾ

ਸਹਿਬਾਂ ਗਈ ਤੇਲ ਨੂੰ ਗਈ ਪੰਸਾਰੀ ਦੀ ਹੱਟ.

ਤੇਲ ਤੁਲਾਵੇ ਭੁਲ ਬਾਣੀਆ, ਦਿੱਤਾ ਸ਼ਹਿਦ ਉਲੱਟ।

ਵਣਜ ਗਵਾ ਲਏ ਬਾਣੀਆ,ਬਲਦ ਗਵਾ ਲਏ ਜੱਟ।

3) ਹਾਫਿਜ ਬਰਖੁਰਦਾਰ- ਹਾਫਿਜ ਪੰਜਾਬੀ ਕਿੱਸਾ ਕਾਵਿ ਦਾ ਅਜਿਹਾ ਕਿੱਸਾਕਾਰ ਹੈ ਜੋ ਨਾ ਕੇਵਲ ਪੀਲੂ ਵਰਗੇ ਕਿੱਸਾਕਾਰ ਦੇ ਪਾਏ ਪੂਰਨਿਆਂ ਉੱਤੇ ਚਲਿਆ ਬਲਕਿ ਉਸ ਨੇ ਪੰਜਾਬੀ ਦੇ ਕਿੱਸਾ ਕਾਵਿ ਨੂੰ ਆਪਣੀ ਮੌਲਿਕ ਛੋਹ ਦੇ ਕੇ ਕੁਢ ਪਹਿਲ ਕਦਮੀਆਂ ਵੀ ਕੀਤੀਆ। ਉਸ ਨੇ ਮਿਰਜ਼ਾ ਸਾਹਿਬਾਂ,ਦਾ ਕਿੱਸਾ ਲਿਖਿਆ ਤੇ ਸੱਸੀ ਪੁੰਨੂੰ ਤੇ ਯੂਸਫ ਜੁਲੇਖਾ ਦਾ ਕਿੱਸਾ ਪਹਿਲੀ ਵਾਰ ਪੰਜਾਬੀ ਵਿੱਚ ਲਿਖਿਆ।

4) ਅਹਿਮਦ ਗੁੱਜਰ- ਇਸ ਕਾਲ ਦਾ ਹੀਰ ਦਾ ਕਿੱਸਾ ਲਿਖਣ ਵਾਲਾ ਇਕ ਹੋਰ ਕਿੱਸਾਕਾਰ ਅਹਿਮਦ ਗੁੱਜਰ ਹੈ ਉਸ ਨੇ ਹੀਰ ਦੇ ਕਿੱਸੇ ਨੂੰ ਇਸਲਾਮੀ ਰੰਗਣ ਨਾਲ ਜੋੜਿਆ। ਉਸ ਨੇ ਇਹ ਕਿੱਸੇ ਬੈਂਤ ਛੰਦ ਵਿੱਚ ਅਤੇ ਹੀਰ ਕਾਵਿ ਵਿੱਚ ਦੁਖਾਂਤ ਸਿਰਜਣ ਦੀ ਪਹਿਲ ਕੀਤੀ।

ਉੱਤਰ ਨਾਨਕ ਕਾਲ- ਵਿੱਚ ਕਿੱਸਾ ਕਾਵਿ ਵਧੇਰੇ ਰਚਿਆ ਗਿਆ । ਇਸ ਕਾਲ ਵਿੱਚ ਹੀਰ ਸਾਹਿਤ ਸੱਸੀ ਅਤੇ ਯੂਸਫ਼ ਜ਼ੁਲੇਖ਼ਾ ਸਾਹਿਤ ਵਧੇਰੇ ਰਚਿਆ ਗਿਆ। ਇਸ ਕਾਲ ਦੇ ਪ੍ਰਮੁੱਖ ਕਿੱਸਾਕਾਰ ਮੁਕਬਲ, ਵਾਰਿਸ , ਬਿਹਬਲ, ਸਦੀਕ ਲਾਲੀ ਹਨ।

5)ਮੁਕਬਲ - ਹੀਰ ਸਾਹਿਤ ਦਾ ਇਕ ਹੋਰ ਮਹੱਤਵਪੂਰਨ ਕਵੀ ਹੈ। ਉਸ ਨੂੰ ਵਿਰਸੇ ਵਿੱਚ ਦਮੋਦਰ ਅਤੇ ਅਹਿਮਦ ਦੇ ਕਿੱਸੇ ਮਿਲੇ ਸਨ। ਪਰ ਉਸ ਨੇ ਆਪਣੀ ਕਾਵਿ ਪ੍ਰਤਿਭਾ ਨਾਲ ਹੀਰ ਸਾਹਿਤ ਨੂੰ ਵਿਲੱਖਣ ਤੇ ਮੌਲਿਕ ਯੋਗਦਾਨ ਦਿੱਤਾ। ਮੁਕਬਲ ਨੇ ਆਪਣਾ ਕਿੱਸਾ ਬੈਂਤ ਛੰਦ ਵਿੱਚ ਲਿਖਿਆ ।

6) ਵਾਰਿਸ ਸ਼ਾਹ- ਮੱਧਕਾਲੀ ਸਾਹਿਤ ਦਾ ਪ੍ਰਮੁੱਖ ਕਿੱਸਾਕਾਰ ਹੈ। ਉਸ ਦੇ ਕਿੱਸੇ ਹੀਰ ਨਾਲ ਅਠਾਰ੍ਹਵੀਂ ਸਦੀ ਵਿੱਚ ਕਿੱਸਾ ਕਾਵਿ ਆਪਣੇ ਸਿਖਰ ਤੇ ਪਹੁੰਚਦਾ ਹੈ। ਵਾਰਿਸ ਦਾ ਕਿੱਸਾ ਹੀਰ ਗੌਰਵਮਈ ਰਚਨਾਂ ਹੈ। ਉਸ ਦੇ ਕਿੱਸੇ ਵਿੱਚ ਸਮਕਾਲੀ ਜੀਵਨ ਦੀ ਤਸਵੀਰ ਪੇਸ਼ ਹੋਈ ਹੈ, ਉਸ ਨੇ ਕਿੱਸਾ ਬੈਂਤ ਛੰਦ ਵਿਚ ਰਚਿਆ।

ਹੀਰ ਆਖਦੀ ਜੋਗੀਆ ਝੂਠ ਬੋਲੇ

ਕੌਣ ਰੁੱਠੜੇ ਯਾਰ ਮਨਾਂਵਦਾ ਈ

ਐਸਾ ਕੋਈ ਨਾ ਮਿਲਿਆ ਮੈਂ ਭਾਲ ਥਕੀ

ਜਿਹੜਾ ਗਿਆ ਨੂੰ ਮੋੜ ਲਿਆਵਦਾਂ ਈ।

ਇਸ ਤੋਂ ਇਲਾਵਾ ਇਸ ਕਾਲ ਵਿੱਚ ਹਾਮਦ ਨੇ ਹੀਰ ਆਂਡਤ ,ਬਿਹਬਲ ਨੇ ਸੱਸੀ ਤੇ ਸਦੀਦ ਲਾਲੀ ਯੂਸਫ਼ ਜੁਲੇਖਾ ਨਾਲ ਇਸ ਕਾਲ ਨੂੰ ਮਾਲਾਮਾਲ ਕਰਦੇ ਹਨ।

(1800-1850 ਈ. ਰਣਜੀਤ ਸਿੰਘ ਕਾਲ)

ਇਸ ਕਾਲ ਵਿੱਚ ਵੀ ਪੰਜਾਬੀ ਕਿੱਸਾ ਰਚਿਆ ਗਿਆ । ਇਸ ਕਾਲ ਦੈ ਪ੍ਰਮੁੱਖ ਕਿੱਸਾਕਾਰ ਹਾਸ਼ਮ, ਅਹਿਮਦਯਾਰ, ਇਮਾਮ ਬਖਸ਼ ਤੇ ਕਾਦਰਯਾਰ ਹਨ।

7.ਹਾਸ਼ਮ-  ਨੇ ਸੂਫ਼ੀ ਰੰਗਣ ਵਾਲੇ ਕਿੱਸੇ ਲਿਖੇ। ਉਸ ਨੇ ਸੱਸੀ, ਸ਼ੀਰੀ ਫਰਿਆਦ, ਸੋਹਣੀ ਮਹੀਵਾਲ, ਹੀਰ ਰਾਂਝੇ ਦੀ ਬਿਰਤੀ ਕਿੱਸੇ ਲਿਖੇ ਸੱਸੀ ਪੁੰਨੂੰ ਉਸ ਦਾ ਸਭ ਤੋਂ ਪ੍ਰਸਿੱਧ ਕਿੱਸਾ ਹੈ। ਇਸ ਸ਼ੈਲੀ ਦਰਦ ਭਰੀ ਹੈ, ਇਹ 126ਬੰਦਾਂ ਅਤੇ ਦਵੱਈਆ ਛੰਦ ਵਿੱਚ ਰਚੀ ਪੰਜਾਬੀ ਦੀ ਸਾਹਕਾਰ ਰਚਨਾਂ ਹੈ।

8. ਅਹਿਮਦਯਾਰ- ਨੇ ਸਭ ਤੋਂ ਜਿਆਦਾ ਕਿੱਸੇ ਲਿਖੇ ਜਿੰਨ੍ਹਾਂ ਦੀ ਗਿਣਤੀ ਲਗਭਗ 40 ਹੈ। ਉਸ ਦਾ ਸਭ ਤੋਂ ਪ੍ਰਸਿੱਧ ਕਿੱਸਾ ਅਹਿਸਨਲ ਕਸਿਸ ਹੈ। ਉਸਦੇ ਕਿੱਸਿਆ ਵਿੱਚ ਸੂਫ਼ੀ ਰੰਗ, ਮੌਲਿਕਤਾ, ਅਲੰਕਾਰ ਸਭ ਮੌਜੂਦ ਹਨ।

ਇਸ ਤੋਂ ਇਲਾਵਾਂ ਇਸ ਕਾਲ ਵਿੱਚ ਅਮਾਮ ਬਖ਼ਸ਼, ਨੇ ਸ਼ਾਹ ਬਹਿਰਾਮ , ਚੰਦਰ ਬਦਨ ਦੇ ਨਵੇਂ ਕਿੱਸੇ ਲਿਖੇ। ਇਸੇ ਕਾਲ ਵਿੱਚ ਹੀ ਕਾਦਰਯਾਰ ਦਾ ਪੂਰਨ ਭਗਤ ਕਿੱਸਾ ਬਹੁਤ ਪ੍ਰਸਿੱਧ ਹੋਇਆ।

ਪਰਿਵਰਤਨ ਕਾਲ1859-1900ਈ. -

ਇਸ ਕਾਲ ਵਿੱਚ ਬਹੁਤ ਸਾਰੇ ਕਿੱਸੇ ਰਚੇ ਗਏ । ਸਹੀ ਅਰਥਾ ਵਿਚ ਇਹ ਕਿੱਸਾ ਕਾਵਿ ਦੀ ਅਧੋਗਦੀ ਦਾ ਸਮਾਂ ਸੀ । ਕਿੱਸਾ ਕਾਵਿ ਆਪਣੀਆਂ ਸਾਰੀਆਂ ਸੰਭਾਵਨਾਵਾਂ ਹੰਢਾਂ ਚੁੱਕਾ ਸੀ ਹੀਰ, ਸੱਸੀ, ਮਿਰਜਾ ਸਹਿਬਾਂ ਸ਼ਾਹਕਾਰ ਰਚਨਾਂ ਲਿਖੀਆਂ ਜਾ ਚੁੱਕੀਆਂ ਸਨ ਬਸ ਸੋਹਣੀ ਅਧੂਰੀ ਸੀ ਜਿਸ ਨੂੰ ਫ਼ਜ਼ਲ ਸ਼ਾਹ ਨੇ ਪੂਰਾ ਕਰ ਦਿੱਤਾ। ਇਸ ਕਾਲ ਵਿੱਚ ਕਿਸ਼ਨ ਸਿੰਘ ਆਰਫ ਹੀਰ ਕਲੀਆਂ ਵਿੱਚ ਲਿਖ ਕੇ ਨਵਾਂ ਰੰਗ ਲੈ ਕੇ ਆਂਦਾ। ਇਸ ਕਾਲ ਦੇ ਕਿੱਸਾਕਾਰ ਬੂਟਾ ਮਹੁੰਮਦ ਗੁਜਰਾਤੀ, ਗਲਾਮ ਰਸੂਲ ਭਗਵਾਨ ਸਿੰਘ ਆਦਿ ਨੇ ਪ੍ਰਸਿੱਧੀ ਹਾਸਲ ਕੀਤੀ।

ਆਧੁਨਿਕ ਕਾਲ-1900ਤੋਂ ਬਾਅਦ)

ਕਈ ਕਿੱਸਾਕਾਰ ਇਸ ਯੁੱਗ ਵਿੱਚ ਵੀ ਕਿੱਸੇ ਰਚਦੇ ਰਹੇ। ਪਰ ਭਾਈ ਵੀਰ ਸਿੰਘ ਦੀ ਨਿੱਕੀ ਕਵਿਤਾ ਦੇ ਯੁੱਗ ਵਿਚ ਇਸ ਦਾ ਅਸਫਲ ਹੋਣਾ ਨਿਸ਼ਚਤ ਸੀ। ਇਹਨਾਂ ਕਵੀਆਂ ਵਿੱਚ ਧਨੀ ਰਾਮ ਚਾਤ੍ਰਿਕ, ਨਲ ਦਮਅੰਤੀ ਦਾ ਕਿੱਸਾ ਰਚਿਆ ਵਿਧਾਤਾ ਤੀਰ ਨੇ ਰੂਪ ਰਾਣੀ ਸ਼ੁਕੰਤਲਾ ਸੂਬਾ ਸਿੰਘ ਨੇ ਹਾਸਰਸੀ ਹੀਰ ਰਚੀ। ਵਰਤਮਾਨ ਯੁੱਗ ਵਿਚ ਕਿੱਸੇ ਲਿਖਣ ਦਾ ਰਿਵਾਜ ਲਗਭਗ ਖਤਮ ਹੋ ਚੁੱਕਾ ਹੈ। ਤੇ ਨਵੇਂ ਕਵੀ ਨਿੱਕੀ ਕਵਿਤਾ ਰਚਣ ਵੱਲ ਵਧੇਰੇ ਰੁਚਿਤ ਹਨ।

ਉਪਰੋਕਤ ਤੋਂ ਬਾਦ ਅਸੀ ਕਹਿ ਸਕਦੇ ਹਾਂ ਕਿ  ਪੰਜਾਬੀ ਕਿੱਸਾ-ਕਾਵਿ ਧਾਰਾ ਦਾ ਜਨਮ ਗੁਰੂ ਕਾਲ ਵਿਚ ਦਮੋਦਰ ਦੀ ਹੀਰ ਰਾਂਝਾ ਰਚਨਾਂ ਨਾਲ ਹੋਇਆ ਤੇ ਪਿਛਲੇ ਮੁਗਲ ਕਾਲ ਵਿਚ ਵਾਰਿਸ ਦੀ ਰਚਨਾਂ ਨਾਲ ਇਹ ਕਾਵਿ ਧਾਰਾ ਆਪਣੇ ਸਿਖਰ ਤੇ ਪੁੱਜੀ। ਸਿੱਖ ਰਾਜ ਕਾਲ ਵਿੱਚ ਇਹ ਨਿਰੰਤਰ ਜਾਰੀ ਰਹੀ। ਸੰਕ੍ਰਾਤੀ ਕਾਲ ਵਿੱਚ ਇਸ ਦਾ ਪਤਨ ਸ਼ੂਰੂ ਹੋ ਗਿਆ ਤੇ ਆਧੁਨਿਕ ਕਾਲ ਵਿੱਚ ਇਹ ਲਗਭਗ ਖਤਮ ਹੋ ਗਈ। ਇਸ ਪੂਰੇ ਸਮੇਂ ਦੌਰਾਨ ਹੀਰ ਸਾਹਿਤ ਵਿੱਚ ਵਾਰਿਸ ਸ਼ਾਹ ਸੱਸੀ ਸਾਹਿਤ ਵਿੱਚ ਹਾਸ਼ਮ,ਮਿਰਜਾ ਰਚਣ ਵਿੱਚ ਪੀਲੂ, ਸੋਹਣੀ ਰਚਣ ਵਿੱਚ ਫ਼ਜ਼ਲ ਸ਼ਾਹ,ਕਾਮਯਾਬ ਹੋਏ। ਇਹਨਾਂ ਤੋਂ ਬਿਨਾਂ ਕਾਦਰਯਾਰ ਦਾ ਪੂਰਨ ਭਗਤ, ਇਮਾਮ ਬਖ਼ਸ਼ ਦਾ ਸ਼ਾਹ ਬਹਿਰਾਮ, ਮਹੰਮਦ ਬਖ਼ਸ਼ ਦਾ ਸੈਫੁਲ ਮਲੂਕ, ਗਲਾਮ ਰਸੂਲ ਦਾ ਯੂਸਫ਼ ਜ਼ੁਲੈਖ਼ਾਂ ਕਿੱਸੇ ਹੀ ਹਰਮਨ ਪਿਆਰੇ ਹੋ ਸਕੇ।